# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ.ਸਿੱਖਿਆ ਸੋਸਾਇਟੀ (ਪਿਕਟਸ)
**ਐਸ.ਸੀ.ਓ.ਨੰ:162-164, ਤੀਜੀ ਮੰਜਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ (ਸੈ:ਸਿ:)
ਪੰਜਾਬ।

ਮੀਮੋ ਨੰ: 3/2-ICT-2010/CW/HW-II/PHSC/Vol-2/R054620
ਮਿਤੀ: 19.10.2010

**ਵਿਸ਼ਾ: ਕੰਪਿਊਟਰ ਲੈਬਜ਼ ਲਈ ਦਿੱਤੀ ਜਾ ਰਹੀ ਮੇਨਟੇਨੈਂਸ ਗਰਾਂਟ ਵਿੱਚੋਂ ਖਰਚਾ ਕਰਨ ਲਈ ਵਧੀਕ ਸੂਚੀ।**

1. ਉਕਤ ਵਿਸ਼ੇ ਵੱਲ ਧਿਆਨ ਦੇਵੋ ਜੀ।

2. ਸਤੰਬਰ 2010 ਦੀ ਜਿਲ੍ਹਾ ਸਿੱਖਿਆ ਅਧਿਕਾਰੀ(ਸੈ.ਸਿੱ) ਦੀ ਮਹੀਨਾਵਾਰ ਮੀਟਿੰਗ ਵਿੱਚ ਇਹ ਵੇਖਿਆ ਗਿਆ ਸੀ ਕਿ ਸਕੂਲਾਂ ਨੂੰ ਦਿੱਤੀ ਜਾ ਰਹੀ ਮੇਂਟੇਨੈਂਸ ਗਰਾਂਟ ਸਿਰਫ 60% ਤੱਕ ਹੀ ਖਰਚ ਕੀਤੀ ਜਾਂਦੀ ਹੈ ਅਤੇ ਬਹੁਤ ਸਕੂਲਾਂ ਕੋਲ ਇਸ ਗਰਾਂਟ ਦਾ ਕਾਫੀ ਪੈਸਾ ਇਕੱਠਾ ਹੋਇਆ ਪਿਆ ਹੈ। ਉਹ ਆਈਟਮਾਂ ਜਿਨ੍ਹਾਂ ਤੇ ਖਰਚਾ ਕੀਤਾ ਜਾ ਸਕਦਾ ਹੈ ਦਾ ਵਿਸਥਾਰ ਕੀਤਾ ਜਾ ਰਿਹਾ ਹੈ ਅਤੇ ਸੋਧੀ ਹੋਈ ਸੂਚੀ ਹੇਠ ਪ੍ਰਕਾਰ ਹੈ:-

(ੳ) **ਪਹਿਲਾਂ ਨਿਰਧਾਰਿਤ ਆਈਟਮਾਂ:**

- ਕੰਪਿਊਟਰ ਲੈਬ ਵਿੱਚ ਲੱਗੀਆਂ ਬਿਜਲੀ ਦੀਆਂ ਫਿਟਿੰਗਜ ਦੀ ਰਿਪੇਅਰ ਕਰਨ ਲਈ ਜਾਂ ਇਹਨਾਂ ਦੀ ਤਬਦੀਲੀ ਲਈ;
- ਕੰਪਿਊਟਰ ਲੈਬ ਵਿੱਚ ਲੱਗੇ ਫਰਨੀਚਰ ਦੀ ਰਿਪੇਅਰ ਜਾਂ ਇਸ ਦੀ ਤਬਦੀਲੀ ਲਈ;
- ਕੰਪਿਊਟਰ ਲੈਬ ਵਿੱਚ ਲੱਗੀਆਂ ਹੋਰ, ਉਪਰ ਤੋਂ ਇਲਾਵਾ, ਫਿਟਿੰਗਜ ਦੀ ਰਿਪੇਅਰ ਜਾਂ ਤਬਦੀਲੀ ਲਈ;
- ਕੰਪਿਊਟਰ ਲੈਬ ਦੀ ਕਲੀ ਜਾਂ ਪੇਂਟ ਕਰਨ ਵਾਸਤੇ।

(ਅ) **ਵਧੀਕ ਆਈਟਮਾਂ:-** ਇਹਨਾਂ ਆਇਟਮਾਂ ਤੇ ਖਰਚਾ ਸਿਰਫ ਉਸ ਸੂਰਤ ਵਿੱਚ ਕੀਤਾ ਜਾਵੇਗਾ ਅਗਰ ਸਕੂਲ ਫੰਡ ਚੋਖੀ ਮਾਤਰਾ ਵਿੱਚ ਇਕੱਠੇ ਹੋ ਰੱਖੇ ਹਨ:-

- ਕੰਪਿਊਟਰ ਲੈਬ ਦੇ ਦਰਵਾਜਿਆਂ ਉਤੇ Centre sliding Lock ਲਗਾਉਣ ਲਈ ;
- ਕੰਪਿਊਟਰ ਲੈਬ ਲਈ ਲੋਹੇ ਦੇ ਦਰਵਾਜੇ ਜਾਂ shutter ਲਗਵਾਉਣ ਲਈ ;
- ਲੈਬ ਲਈ ਕੁਰਸੀਆਂ, ਟੇਬਲ ਜਾਂ ਸਟੂਲ ਖ੍ਰੀਦਣ ਲਈ ;
- ਹਾਰਡਵੇਅਰ ਨੂੰ ਸਾਫ ਕਰਨ ਲਈ Micro ਜਾਂ ਮਿਨੀ Vcuum cleaner ਖ੍ਰੀਦਣ ਲਈ ;
- ਕੰਪਿਊਟਰ ਲੈਬ ਦੇ ਫਰਸ਼ ਤੇ ਟਾਈਲਾਂ ਲਗਵਾਉਣ ਵਾਸਤੇ ;

- ਲੈਬ ਵਿੱਚ false ceiling ਲਗਾਉਣ ਲਈ;
- ਕੰਪਿਊਟਰ ਲੈਬ ਦੀ leaking ਛੱਤ ਦੀ ਮੁਰੰਮਤ ਵਾਸਤੇ ।

3. ਇਹ ਦੱਸਣਾ ਜਰੂਰੀ ਹੈ ਕਿ ਕੋਈ ਵੀ ਖਰਚਾ ਨਿਰਧਾਰਿਤ ਵਿਧੀ ਅਤੇ ਨਿਯਮਾਂ ਅਨੁਸਾਰ ਹੀ ਕੀਤਾ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ